

**'ਮਹਿਕ ਵਤਨ ਦੀ ਲਾਈਵ' ਦਾ ਕੈਨੇਡਾ ਐਡੀਸ਼ਨ ਸ਼ੁਰੂ ਹੋਣ 'ਤੇ ਅਦਾਰੇ ਨੂੰ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਵਸਦੇ ਸਮੂੰਹ ਪੰਜਾਬੀ ਪਾਠਕਾਂ ਨੂੰ ਕੋਟਿ-ਕੋਟਿ ਮੁਬਾਰਕਾਂ !**







ੴ ਸਤਿਗੁਰ ਪ੍ਰਸਾਦਿ॥

* ਧੰਨ ਧੰਨ ਬਾਬਾ ਨਰਾਇਣ ਹਰੀ ਜੀ * ਧੰਨ ਧੰਨ ਬਾਬਾ ਪਾਲਾ ਸਿੰਘ ਜੀ

# ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ



ਸੰਤ ਬਾਬਾ ਪਾਲਾ ਸਿੰਘ ਜੀ

ਬਾਬਾ ਪਵਨਦੀਪ ਸਿੰਘ ਜੀ ਜੋ ਰਿਸ਼ਤੇਦਾਰੀ 'ਚੋਂ ਬਾਬਾ ਪਾਲਾ ਸਿੰਘ ਜੀ ਦੇ ਭਾਣਜੇ ਹਨ ਇਨ੍ਹਾਂ ਦਾ ਜਨਮ 3 ਅਪ੍ਰੈਲ 1979 ਨੂੰ ਸ. ਬਹਾਦਰ ਸਿੰਘ ਜੀ ਦੇ ਘਰ ਮਾਤਾ ਗੁਰਦੇਵ ਕੌਰ ਜੀ ਦੀ ਕੁਖੋਂ ਪਿੰਡ ਲੰਡੇ ਜ਼ਿਲ੍ਹਾ ਮੋਗਾ ਵਿਖੇ ਹੋਇਆ। ਆਪ ਜੀ ਨੇ ਮੁੱਢਲੀ ਵਿੱਦਿਆ ਪਿੰਡ ਤੋਂ ਹੀ ਪ੍ਰਾਪਤ ਕੀਤੀ। ਜਦੋਂ ਬਾਬਾ ਪਾਲਾ ਸਿੰਘ ਜੀ ਦੇ ਸੰਪਰਕ ਵਿਚ ਆਏ ਤਾਂ ਤੱਪ ਅਸਥਾਨ ਖੂਹੀ ਕੇਰ ਵਾਲੀ ਧਰਮਕੋਟ ਆ ਕੇ ਸੇਵਾ ਵਿਚ ਜੁੱਟ ਗਏ। ਗੱਲ ਕੀ ਬਾਬਾ ਜੀ ਨੇ ਜੋ ਵੀ ਹੁਕਮ ਕਰਨਾ ਸਤਿਬਚਨ ਕਹਿ ਕੇ ਹੁਕਮ ਪ੍ਰਵਾਨ ਕਰ ਲੈਣਾ। ਜਿਸ ਤਰ੍ਹਾਂ ਦੀ ਵੀ ਸੇਵਾ ਹੋਵੇ ਸੇਵਾ ਵਿਚ ਜੁਟ ਜਾਣਾ। ਪਾਠ ਦੀ ਸੇਵਾ, ਕੀਰਤਨ ਦੀ ਸੇਵਾ ਆਪ ਬੜੇ ਸੁਚੱਜੇ ਢੰਗ ਨਾਲ ਨਿਭਾਉਂਦੇ ਰਹੇ। ਕਾਫੀ ਲੰਬੇ ਸਮੇਂ ਤੋਂ ਅੰਮ੍ਰਿਤ ਵੇਲੇ ਠੀਕ-ਠੀਕ ਵਜੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਤੇ ਗੁਰਬਾਣੀ ਪੜ੍ਹਨੀ। ਆਪ ਜੀ ਰੋਜ਼ਾਨਾ ਨਿਤਨੇਮ ਸੀ।

ਫਿਰ ਦਿਨ ਵੇਲੇ ਬਾਬਾ ਜੀ ਹੁਕਮ ਅਨੁਸਾਰ ਇਲਾਕੇ ਵਿਚ ਕੀਰਤਨ ਦੀਆਂ ਸੇਵਾਵਾਂ ਨਿਭਾਉਂਦੇ ਰਹੇ। ਅੰਤ ਬਾਬਾ ਪਾਲਾ ਸਿੰਘ ਜੀ ਦੇ 10 ਦਸੰਬਰ 2013 ਨੂੰ ਸੱਚਖੰਡ ਪਿਆਨਾ ਕਰਨ ਉਪਰੰਤ ਤਪ ਅਸਥਾਨ ਖੂਹੀ ਕੇਰ ਵਾਲੀ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਸੰਭਾਲੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਨੇ ਦਸਤਾਰਬੰਦੀ ਕਰਕੇ ਇਲਾਕੇ ਤੇ ਅਸਥਾਨ ਦੀਆਂ ਸੇਵਾਵਾਂ ਅਰਪਨ ਕਰ ਦਿੱਤੀਆਂ। ਜੋ ਆਪ ਸੇਵਾ ਭਾਵਨਾ ਨਾਲ ਨਿਭਾ ਰਹੇ ਹਨ।



**ਮਹੀਨੇ ਦੇ ਪਹਿਲੇ ਬੁੱਧਵਾਰ ਭਾਰੀ ਧਾਰਮਿਕ ਦੀਵਾਨ ਹੁੰਦਾ ਹੈ। ਜਲਦੀ ਹੀ ਇਸ ਸਥਾਨ 'ਤੇ ਸਿੱਖ ਇਤਿਹਾਸ ਨੂੰ ਦਰਸਾਉਂਦਾ ਮੂਰਤੀ ਅਜਾਇਬ ਘਰ 'ਇਤਿਹਾਸ-ਏ-ਖ਼ਾਲਸਾ' ਸਥਾਪਿਤ ਹੋ ਰਿਹਾ ਹੈ, ਜਿਸ ਦੀ ਕਾਰਜ ਸੇਵਾ ਆਰੰਭ ਹੈ।**

**ਮੁੱਖ ਸੇਵਾਦਾਰ**

# ਬਾਬਾ ਪਵਨਦੀਪ ਸਿੰਘ ਜੀ

## ਕੜਿਆਲ ਵਾਲੇ

**ਮੋ. 99140-13767, 99889-29988**